# ਸਾਰ

''ਆਦਮੀ ਦਾ ਰਾਹ ਉਹਦੇ ਵੱਸ ਵਿਚ ਨਹੀਂ ਹੈ'' (ਯਿਰਮਿਯਾਹ 10:23), ਜਿਸ ਕਰਕੇ ਉਹਨੂੰ ਆਪਣੇ ਰਾਹ ਨੂੰ ਰੌਸ਼ਨ ਕਰਨ ਲਈ ਅਲੌਕਿਕ ਮਦਦ ਦੀ ਲੋੜ ਹੈ। ਇਸ ਲੋੜ ਨੂੰ ਪੂਰਾ ਕਰਨ ਲਈ ਸਾਡੇ ਪ੍ਰੇਮੀ ਪਿਤਾ ਨੇ ਆਪਣਾ ਸਨਾਤਨ ਵਚਨ ਭਾਵ ਬਾਈਬਲ ਮੁਹੱਈਆ ਕਰਵਾਈ ਹੈ। ਇਸ ਪਵਿੱਤਰ ਕਿਤਾਬ ਨੂੰ ਇਵੇਂ ਤਿਆਰ ਕੀਤਾ ਗਿਆ ਹੈ ਜਿਸ ਨਾਲ ''ਖ਼ੁਦਾ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ'' (2 ਤਿਮੋਥਿਉਸ 3:17)। ਇਹਦੇ ਸਫ਼ਿਆਂ ਵਿਚ ਹੀ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਣ ਵਾਲੀ ਹਰ ਗੱਲ ਮਿਲਦੀ ਹੈ (2 ਤਿਮੋਥਿਉਸ 1:3)।

## ਬਾਈਬਲ ਦੀ ਸੰਪੂਰਣਤਾ

ਇਕ ਵੱਡਮੁੱਲੇ ਹੌਸਲੇ ਅਤੇ ਆਸ ਦਾ ਸੋਮਾ ਇਹ ਭਰੋਸਾ ਹੈ ਕਿ ਬਾਈਬਲ ਮੁਕੰਮਲ ਰਹੀ ਹੈ ਅਤੇ ਹਮੇਸ਼ਾ ਰਹੇਗੀ। ਯਿਸੂ ਨੇ ਵਾਅਦਾ ਕੀਤਾ ਕਿ ਪਵਿੱਤਰ ਆਤਮਾ ਉਹਦੇ ਚੇਲਿਆਂ ਦੀ ''ਸਾਰੀ ਸੱਚਾਈ'' (ਯੂਹੰਨਾ 16:13) ਵਿਚ ਅਗਵਾਈ ਕਰੇਗਾ। ਅਗਵਾਈ ਹੋ ਜਾਣ ਦੇ ਬਾਅਦ, ਕੋਈ ਹੋਰ ਨਵਾਂ ਮੁਕਾਸ਼ਫ਼ਾ ਨਹੀਂ ਬਣਾਇਆ ਜਾ ਸਕਿਆ। ''ਪੂਰੀ ਸ਼ਰ੍ਹਾ ਅਰਥਾਤ ਅਜ਼ਾਦੀ ਦੀ ਸ਼ਰ੍ਹਾ'' (ਯਾਕੂਬ 1:25) ਦੇਣ ਦਾ ਕੰਮ ਪੂਰਾ ਕਰ ਲੈਣ ਦੇ ਬਾਅਦ ਆਤਮਾ ਨੇ ਇਹਨੂੰ ਲਿਖਵਾ ਦਿੱਤਾ ਅਤੇ ਮਨੁੱਖ ਨੂੰ ''ਇੱਕੋ ਵਾਰ ਸੌਂਪ ਦਿੱਤੀ ਗਈ'' (ਯਹੂਦਾ 3)। ਪਹਿਲੀ ਸਦੀ ਵਿਚ ਸਵਰਗ ਤੋਂ ਲਾਭ ਦੇਣ ਦਾ ਕੰਮ ਪੂਰਾ ਹੋ ਜਾਣ ਦੇ ਬਾਅਦ, ਬਾਈਬਲ ਦੀਆਂ ਗੱਲਾਂ ਵਿਚ ਕਿਸੇ ਬਦਲਾਅ ਨੇ ਮਨੁੱਖ ਦੀ ਅਗਵਾਈ ਵਿਚ ਗੜਬੜੀ ਹੀ ਕਰਨੀ ਸੀ (ਗਲਾਤੀਆਂ 1:8, 9), ਭਾਵੇਂ ਉਹ ਕਿਸੇ ਫ਼ਰਿਸ਼ਤੇ ਵੱਲੋਂ ਹੀ ਕਿਉਂ ਨਾ ਹੁੰਦੀ। ਖ਼ੁਦਾ ਦੇ ਆਤਮਾ ਤੋਂ ਦਿੱਤੀ ਹੋਈ ਅਗਵਾਈ ਦੇਣ ਦੀ ਇਸ ਕਿਤਾਬ ਵਿਚ ਕੁਝ ਜੋੜਨ ਜਾਂ ਇਸ 'ਚੋਂ ਘਟਾਉਣ ਵਾਲੇ ਲਈ ਸਵਰਗੋਂ ਸਰਾਪ ਹੀ ਠਹਿਰਾਇਆ ਗਿਆ ਹੈ (2 ਯੂਹੰਨਾ 9-11; ਪ੍ਰਕਾਸ਼ ਦੀ ਪੋਥੀ 22:18, 19)। ਇਹੀ ਇੱਕੋ-ਇਕ ਕਿਤਾਬ ਹੈ ਜਿਸ ਨੂੰ ਸੁਧਾਰਨ ਦੀ ਲੋੜ ਨਹੀਂ ਹੈ। ਜੇ ਬਹੁਤ ਸਾਰੇ ''ਸਪੱਸ਼ਟ ਅਤੇ ਵੱਡਮੁੱਲੇ ਭਾਗ'' ਗੁਆਚ ਚੁੱਕੇ ਹਨ (ਜਿਵੇਂ ਕਿ ਮੌਰਮਨ ਦੀ ਕਿਤਾਬ ਵਿਚ ਦਾਅਵਾ ਕੀਤਾ ਗਿਆ ਹੈ; 1 ਨੇਫ਼ੀ 13:26, 40), ਫਿਰ ਤਾਂ ਹਰ ਲੋੜਵੰਦ ਪਾਪ ਵਿਚ ਡੁੱਬੇ ਹੋਏ ਮਨੁੱਖ ਦੀ ਹਾਲਤ ਬੇਆਸਰੇ ਵਰਗੀ ਹੈ। ਜੇ ਇਹ ਸੱਚ ਹੁੰਦਾ ਤਾਂ ਪਾਪੀਆਂ ਲਈ ਖ਼ੁਦਾ ਦਾ ਪਿਆਰ ਅਤੇ ਆਪਣੀ ਪੂਰੀ ਬਾਈਬਲ ਲਈ ਪੂਰਵ-ਪ੍ਰਬੰਧ ਨਾਲ ਉਹਦੀ ਸੁਰੱਖਿਆ ਦੀ ਤਾਰੀਫ਼ ਨਹੀਂ ਕੀਤੀ ਜਾ ਸਕਦੀ ਸੀ।

ਰਾਜਿਆਂ ਅਤੇ ਬੇਵਿਸ਼ਵਾਸਿਆਂ ਅਤੇ ਧਰਮ ਦੇ ਵੈਰੀਆਂ ਨੇ ਭਾਂਵੇਂ ''ਜਿਊਂਦੇ ਅਤੇ

ਗੁਣਕਾਰ'' ਵਚਨ ਦਾ ਵਿਰੋਧ ਕੀਤਾ ਹੈ (ਇਬਰਾਨੀਆਂ 4:12) ਪਰ ਸਵਰਗੋਂ ਮਿਲੀ ਕਿਤਾਬ (2 ਪਤਰਸ 1:21) ਨਾ ਬਦਲੀ ਹੈ ਅਤੇ ਨਾ ਬਦਲੇਗੀ। ਯਿਸੂ ਨੇ ਇਹ ਤਸਦੀਕ ਕੀਤੀ ਕਿ ਬਾਈਬਲ ਦਾ ਉਹਦਾ ਭਾਗ ਅਵਿਨਾਸ਼ੀ ਹੈ: ''ਅਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਮੇਰੇ ਵਚਨ ਕਦੇ ਨਾ ਟਲਣਗੇ'' (ਮੱਤੀ 24:35; ਵੇਖੋ ਯੂਹੰਨਾ 12:48)। ਪੂਰੀ ਬਾਈਬਲ ਲਈ, ਖ਼ੁਦਾ ਦਾ ਵਾਅਦਾ ਹੈ ਕਿ ''ਪ੍ਰਭੂ ਦਾ ਵਚਨ ਸਦਾ ਤੀਕ ਕਾਇਮ ਰਹਿੰਦਾ ਹੈ'' (1 ਪਤਰਸ 1:25)।

## ਬਾਈਬਲ ਦੀ ਤਸਦੀਕ

ਪੁਰਾਤੱਤਵ ਦੀ ਕਹੀ ਸੱਚੀ ਅਤੇ ਬਾਈਬਲ ਦੀ ਦੋਸਤ ਹੈ। ਫ਼ਲਸਤੀਨੀ ਖੁਦਾਈਆਂ ਵਿਚ ਕਈ ਸਾਲਾਂ ਤਕ ਕੰਮ ਕਰਨ ਦੇ ਬਾਅਦ, ਸਿਨਸਿਨਾਟੀ ਦੇ ਹਿਬਰੂ ਯੂਨੀਅਨ ਸੈਮੀਨਰੀ ਦੇ ਪ੍ਰੋਫ਼ੈਸਰ ਗਲੁਏਕ ਨੇ ਲਿਖਿਆ ਹੈ ਕਿ ਉਹਦੀਆਂ ਅਤੇ ਉਹਦੇ ਸਾਥੀਆਂ ਦੀਆਂ ਖੋਜਾਂ, ਬਾਈਬਲ ਦੇ ਤੱਥਾਂ ਦੀ ਤਸਦੀਕ ਕਰਦੀਆਂ ਹਨ। ਉਹਨੇ ਕਿਹਾ ਹੈ ਕਿ ਬਾਈਬਲ ਵਿਚ ਕਿਸੇ ਇਤਿਹਾਸਕ ਕਥਨ ਦਾ ''ਕਿਸੇ ਪੁਰਾਤੱਤਵ ਖੋਜ ਨੇ ਕਦੇ ਵਿਰੋਧ ਜਾਂ ਖੰਡਨ ਨਹੀਂ ਕੀਤਾ ਹੈ।''[1]

## ਸਾਰ

ਮਸੀਹੀ ਲੋਕ ਸਮਝ ਆਉਣ ਵਾਲੇ ਭਰੋਸੇ ਨਾਲ ਵਿਸ਼ਵਾਸ ਕਰਨਾ ਜਾਰੀ ਰੱਖਦੇ ਹਨ ਕਿ ਸਵਰਗੀ ਮੁਕਾਸ਼ਫ਼ੇ ਦੀ ਉਨ੍ਹਾਂ ਦੀ ਲੋੜ ਨੂੰ ਸਵਰਗ ਵੱਲੋਂ ਬਾਈਬਲ ਦਾ ਦਾਨ ਦੇ ਕੇ ਪੂਰਾ ਕਰ ਦਿੱਤਾ ਗਿਆ ਹੈ। ਉਸ ਚੰਗੇ ਦਾਨੀ ਨੇ ਸਭ ਪੀੜ੍ਹੀਆਂ ਲਈ ਉਸ ਦਾਨ ਦੇ ਪੂਰਵ-ਪ੍ਰਬੰਧ ਦੀ ਸੁਰੱਖਿਆ ਦੀ ਲੋੜ ਨੂੰ ਪੂਰਾ ਕਰ ਦਿੱਤਾ ਹੈ।

---

ਟਿੱਪਣੀ

[1]ਨੈਸਨ ਗਲੁਏਕ, ''ਨਿਊ ਯਾਰਕ ਟਾਈਮਜ਼ ਬੁੱਕ ਰੀਵਿਊ'' ਨਿਊ ਯਾਰਕ ਟਾਈਮਜ਼ (28 ਅਕਤੂਬਰ 1956)।